Punjabi | ਪੰਜਾਬੀ

ਵਰਜਨ 1.0 ਫਰਵਰੀ 2023

# ਵਿਕਟੋਰੀਆ ਦੇ ਬਾਲ ਸੁਰੱਖਿਆ ਸੰਬੰਧੀ ਮਿਆਰ

## ਸਰਲ ਭਾਸ਼ਾ ਵਿੱਚ ਗਾਈਡ

COMMISSION FOR CHILDREN AND YOUNG PEOPLE

# ਬਾਲ ਸੁਰੱਖਿਆ ਸੰਬੰਧੀ ਮਿਆਰ ਕੀ ਹਨ?

- ਬਾਲ ਸੁਰੱਖਿਆ ਸੰਬੰਧੀ ਮਿਆਰ (ਜਿਨ੍ਹਾਂ ਨੂੰ ਇਸ ਗਾਈਡ ਵਿੱਚ "ਇਹ ਮਿਆਰ" ਵੀ ਕਿਹਾ ਜਾਂਦਾ ਹੈ) ਵਿਕਟੋਰੀਆ ਵਿੱਚ ਜਨਵਰੀ 2016 ਵਿੱਚ ਸ਼ੁਰੂ ਹੋਏ ਸਨ।
- ਇਹ ਮਿਆਰ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਵਿੱਚ ਮੱਦਦ ਕਰਦੇ ਹਨ।
- ਬਾਲ ਸੁਰੱਖਿਆ ਸੰਬੰਧੀ ਕੁੱਲ 11 ਮਿਆਰ ਹਨ।
- ਬੱਚਿਆਂ ਨਾਲ ਕੰਮ ਕਰਨ ਵਾਲੀਆਂ ਸੰਸਥਾਵਾਂ[1] ਲਈ ਇਨ੍ਹਾਂ ਮਿਆਰਾਂ ਦੀ ਪਾਲਣਾ ਕਰਨੀ *ਲਾਜ਼ਮੀ ਹੈ।* ਪਾਲਣਾ ਦਾ ਮਤਲਬ ਹੈ ਕਿ ਤੁਹਾਡੀ ਸੰਸਥਾ ਕੋਲ ਇਹ ਦਿਖਾਉਣ ਲਈ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ ਕਿ ਤੁਸੀਂ[2] ਹਰੇਕ ਮਿਆਰ ਦੀ ਪਾਲਣਾ ਕਰਦੇ ਹੋ ਅਤੇ ਉਨ੍ਹਾਂ ਨੂੰ ਪੂਰਾ ਕਰਦੇ ਹੋ।

*ਇਹ ਦਸਤਾਵੇਜ਼ ਬਾਲ ਸੁਰੱਖਿਆ ਸੰਬੰਧੀ ਮਿਆਰਾਂ ਦਾ ਸਾਰ ਹੈ। ਇਸ ਵਿੱਚ ਅਜਿਹੇ ਸ਼ਬਦ ਅਤੇ ਤਸਵੀਰਾਂ ਦਿੱਤੀਆਂ ਗਈਆਂ ਹਨ ਜੋ ਮਿਆਰਾਂ ਦੀ ਵਿਆਖਿਆ ਕਰਨ ਵਿੱਚ ਮੱਦਦ ਕਰਨ ਲਈ ਅਤੇ ਸਮਝਣ ਵਿੱਚ ਆਸਾਨੀ ਕਰਨ ਲਈ ਹਨ। ਇਸ ਵਿੱਚ ਮਿਆਰਾਂ ਦੀ ਪੂਰੀ ਸ਼ਬਦਾਵਲੀ ਜਾਂ ਉਹ ਸਾਰੀਆਂ ਚੀਜ਼ਾਂ ਸ਼ਾਮਲ ਨਹੀਂ ਹਨ ਜੋ ਤੁਹਾਨੂੰ ਪਾਲਣਾ ਕਰਨ ਲਈ ਕਰਨੀਆਂ ਲਾਜ਼ਮੀ ਹਨ। ਤੁਸੀਂ ਮਿਆਰਾਂ ਦੀ ਪੂਰੀ ਜਾਣਕਾਰੀ ਅਤੇ ਪਾਲਣਾ ਕਿਵੇਂ ਕਰਨੀ ਹੈ, ਇਹ ਸਾਡੀ ਵੈੱਬਸਾਈਟ 'ਤੇ ਪੜ੍ਹ ਸਕਦੇ ਹੋ।*



1 "ਬੱਚਿਆਂ" ਤੋਂ ਭਾਵ 18 ਸਾਲ ਤੋਂ ਘੱਟ ਉਮਰ ਦੇ ਲੋਕ ਹਨ।

2 ਅਸੀਂ "ਤੁਹਾਡੀ ਸੰਸਥਾ" ਬਾਰੇ ਗੱਲ ਕਰਨ ਵੇਲੇ "ਤੁਸੀਂ" ਸ਼ਬਦ ਦੀ ਵਰਤੋਂ ਵੀ ਕਰਦੇ ਹਾਂ।

## ਬਾਲ ਸੁਰੱਖਿਆ ਸੰਬੰਧੀ ਮਿਆਰ 1






**ਸੰਸਥਾਵਾਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਆਦਿਵਾਸੀ ਬੱਚੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਨ। ਉਹ ਹਰ ਬੱਚੇ ਦੀ ਪਛਾਣ ਅਤੇ ਉਸਦੇ ਅਨੁਭਵਾਂ ਦਾ ਆਦਰ ਕਰਦੀਆਂ ਹਨ ਅਤੇ ਉਨ੍ਹਾਂ ਦੀ ਕਦਰ ਕਰਦੀਆਂ ਹਨ।**

ਤੁਹਾਡੀ ਸੰਸਥਾ ਅਤੇ ਸਟਾਫ਼ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਆਦਿਵਾਸੀ[3] ਲੋਕਾਂ, ਉਨ੍ਹਾਂ ਦੇ ਸੱਭਿਆਚਾਰ ਅਤੇ ਉਨ੍ਹਾਂ ਦੇ ਹੱਕਾਂ ਦਾ ਸਵਾਗਤ
- ਸਮਝਣਾ ਕਿ ਇਹ ਆਦਿਵਾਸੀ ਬੱਚਿਆਂ ਨੂੰ ਸੁਰੱਖਿਅਤ ਅਤੇ ਤੰਦਰੁਸਤ ਮਹਿਸੂਸ ਕਰਨ ਵਿੱਚ ਕਿਵੇਂ ਮੱਦਦ ਕਰਦਾ ਹੈ
- ਨਸਲਵਾਦ ਦੀ ਆਗਿਆ ਨਾ ਦੇਣਾ, ਅਤੇ ਨਸਲਵਾਦ ਨਾਲ ਨਜਿੱਠਣ ਲਈ ਨਿਯਮ ਅਤੇ ਕਾਰਵਾਈਆਂ ਹੋਣਾ
- ਆਦਿਵਾਸੀ ਬੱਚਿਆਂ ਨੂੰ ਆਪਣੀਆਂ ਵਿਭਿੰਨ ਪਛਾਣਾਂ, ਰੀਤੀ-ਰਿਵਾਜਾਂ, ਵਿਸ਼ਵਾਸਾਂ ਅਤੇ ਭਾਸ਼ਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਇਤਾ ਕਰਨਾ
- ਆਦਿਵਾਸੀ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੀ ਸੰਸਥਾ ਵਿੱਚ ਸ਼ਾਮਲ ਹੋਣ ਵਿੱਚ ਮੱਦਦ ਕਰਨਾ
- ਇਹ ਯਕੀਨੀ ਬਣਾਉਣਾ ਕਿ ਉਹ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਦੇ ਹਨ
- ਅਜਿਹੀਆਂ ਨੀਤੀਆਂ ਅਤੇ ਪ੍ਰਣਾਲੀਆਂ ਬਣਾਉਣਾ ਜੋ ਇਹ ਦਿਖਾਉਣ ਕਿ ਤੁਸੀਂ ਇਹ ਸਾਰੇ ਕੰਮ ਕੀਤੇ ਹਨ।

3 ਅਸੀਂ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਬਾਰੇ ਗੱਲ ਕਰਨ ਲਈ 'ਐਬੋਰਿਜਨਲ' ਸ਼ਬਦ ਦੀ ਵਰਤੋਂ ਕਰਦੇ ਹਾਂ।

## ਬਾਲ ਸੁਰੱਖਿਆ ਸੰਬੰਧੀ ਮਿਆਰ 2



### ਸੰਸਥਾ ਦੇ ਆਗੂ ਬੱਚਿਆਂ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣ 'ਤੇ ਧਿਆਨ-ਕੇਂਦ੍ਰਿਤ ਕਰਦੇ ਹਨ। ਸੰਸਥਾਵਾਂ ਕੋਲ ਬੱਚਿਆਂ ਦੇ ਸ਼ੋਸ਼ਣ ਜਾਂ ਨੁਕਸਾਨ ਦੇ ਜ਼ੋਖਮਾਂ ਨੂੰ ਪਛਾਨਣ, ਟਾਲਣ ਅਤੇ ਰੋਕਣ ਦੀਆਂ ਪ੍ਰਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ।

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਬੱਚਿਆਂ ਦੀ ਸੁਰੱਖਿਆ ਲਈ ਇੱਕ **ਜਨਤਕ ਵਚਨਬੱਧਤਾ** ਨੂੰ ਜਾਰੀ ਕਰਨਾ। ਇਸਦਾ ਮਤਲਬ ਹੈ ਕਿ ਤੁਸੀਂ ਭਾਈਚਾਰੇ ਨੂੰ ਦੱਸਦੇ ਹੋ ਕਿ ਬੱਚਿਆਂ ਦੀ ਸੁਰੱਖਿਆ ਤੁਹਾਡੀ ਸੰਸਥਾ ਲਈ ਮਹੱਤਵਪੂਰਨ ਹੈ।
- ਤੁਹਾਡੇ ਕੋਲ ਇੱਕ **ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ** ਹੋਣੀ। ਇਹ ਇੱਕ ਦਸਤਾਵੇਜ਼ ਹੁੰਦਾ ਹੈ ਜੋ ਦੱਸਦਾ ਹੈ ਕਿ ਤੁਹਾਡੀ ਸੰਸਥਾ ਬੱਚਿਆਂ ਨੂੰ ਕਿਵੇਂ ਸੁਰੱਖਿਅਤ ਰੱਖਦੀ ਹੈ।
- ਇਹ ਯਕੀਨੀ ਬਣਾਉਣਾ ਕਿ ਸੰਸਥਾ ਵਿੱਚ ਹਰ ਕੋਈ ਬਾਲ ਸੁਰੱਖਿਆ ਨੂੰ ਉਤਸ਼ਾਹਿਤ ਕਰੇ।
- ਸਟਾਫ਼ ਅਤੇ ਵਾਲੰਟੀਅਰਾਂ ਲਈ ਇੱਕ ਲਿਖਤੀ **ਆਚਾਰ-ਸੰਹਿਤਾ (Code of Conduct)** ਹੋਣੀ ਚਾਹੀਦੀ ਹੈ। ਇਹ ਇੱਕ ਦਸਤਾਵੇਜ਼ ਹੁੰਦਾ ਹੈ ਜੋ ਸਟਾਫ਼ ਨੂੰ ਸਮਝਾਉਂਦਾ ਹੈ ਕਿ ਬੱਚਿਆਂ ਦੇ ਆਸ-ਪਾਸ ਕਿਵੇਂ ਵਿਵਹਾਰ ਕਰਨਾ ਹੈ ਅਤੇ ਕੀ ਕਰਨਾ ਠੀਕ ਨਹੀਂ ਹੈ
- ਇੱਕ ਅਜਿਹਾ ਦਸਤਾਵੇਜ਼ ਬਣਾਉਣਾ, ਜੋ ਬੱਚਿਆਂ ਲਈ ਹੋਣ ਵਾਲੇ ਜ਼ੋਖਮਾਂ ਨੂੰ ਕਿਵੇਂ ਲੱਭਦੇ, ਟਾਲਦੇ ਅਤੇ ਰੋਕਦੇ ਹੋ
- ਇਹ ਯਕੀਨੀ ਬਣਾਉਣਾ ਕਿ ਸਟਾਫ਼ ਨੂੰ ਇਹ ਸਮਝ ਹੋਵੇ ਕਿ ਬੱਚਿਆਂ ਦੀ ਸੁਰੱਖਿਆ ਬਾਰੇ ਜਾਣਕਾਰੀ ਕਦੋਂ ਅਤੇ ਕਿਵੇਂ ਸਾਂਝੀ ਕਰਨੀ ਹੈ ਅਤੇ ਰਿਕਾਰਡ ਕਿਵੇਂ ਰੱਖਣੇ ਹਨ।

## ਬਾਲ ਸੁਰੱਖਿਆ ਸੰਬੰਧੀ ਮਿਆਰ 3




### ਬੱਚੇ ਆਪਣੇ ਅਧਿਕਾਰਾਂ ਬਾਰੇ ਜਾਣਦੇ ਹਨ, ਉਨ੍ਹਾਂ ਦੀ ਗੰਭੀਰਤਾ ਨਾਲ ਸੁਣਵਾਈ ਹੁੰਦੀ ਹੈ ਅਤੇ ਉਹ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਭਾਗ ਲੈਂਦੇ ਹਨ।

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਦੱਸਣਾ, ਜਿਵੇਂ ਕਿ:
  - ਸੁਰੱਖਿਆ ਬਾਰੇ
  - ਜਾਣਕਾਰੀ ਬਾਰੇ
  - ਉਹਨਾਂ ਨਾਲ ਸੰਬੰਧਿਤ ਫ਼ੈਸਲਿਆਂ ਵਿੱਚ ਭਾਗ ਲੈਣ ਦੇ ਅਧਿਕਾਰ ਬਾਰੇ
- ਦੋਸਤੀ ਦੀ ਮਹੱਤਤਾ ਨੂੰ ਸਮਝੇ ਅਤੇ ਉਤਸ਼ਾਹਿਤ ਕਰੇ। ਇਹ ਬੱਚਿਆਂ ਨੂੰ ਸੁਰੱਖਿਅਤ ਮਹਿਸੂਸ ਕਰਨ ਵਿੱਚ ਮੱਦਦ ਕਰਦਾ ਹੈ
- ਬੱਚਿਆਂ ਨੂੰ ਜਿਨਸੀ ਸ਼ੋਸ਼ਣ ਨੂੰ ਰੋਕਣ ਦੇ ਤਰੀਕੇ ਬਾਰੇ ਪ੍ਰੋਗਰਾਮ ਅਤੇ ਜਾਣਕਾਰੀ ਪ੍ਰਦਾਨ ਕਰਨਾ
- ਇਹ ਯਕੀਨੀ ਬਣਾਉਣਾ ਕਿ ਸਟਾਫ਼ ਅਤੇ ਵਾਲੰਟੀਅਰ ਇਹ ਕਰਨ ਦੇ ਯੋਗ ਹੋਣ:
  - ਬੱਚਿਆਂ ਵਿੱਚ ਬਾਲ ਸ਼ੋਸ਼ਣ ਅਤੇ ਨੁਕਸਾਨ ਦੇ ਲੱਛਣਾਂ ਦੀ ਪਛਾਣ
  - ਬੱਚਿਆਂ ਨੂੰ ਖੁੱਲ੍ਹ ਕੇ ਗੱਲ ਕਰਨ ਅਤੇ ਉਨ੍ਹਾਂ ਨੂੰ ਆਪਣੇ ਡਰ ਜਾਂ ਚਿੰਤਾਵਾਂ ਸਾਂਝੀਆਂ ਕਰਨ ਵਿੱਚ ਮੱਦਦ ਕਰ ਸਕਣ
- ਬੱਚਿਆਂ ਨੂੰ ਤੁਹਾਡੀ ਸੰਸਥਾ ਵਿੱਚ ਸ਼ਾਮਲ ਹੋਣ ਲਈ ਮੌਕੇ ਦਿੰਦੇ ਹੋਣ
- ਬੱਚੇ ਜੋ ਦੱਸਣ, ਉਸ 'ਤੇ ਗੰਭੀਰਤਾ ਨਾਲ ਅਮਲ ਕਰਨ ਤਾਂ ਜੋ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਸੰਸਥਾ ਨਾਲ ਜੁੜੇ ਰਹਿਣ ਦੀ ਇੱਛਾ ਰੱਖਣ।

## ਬਾਲ ਸੁਰੱਖਿਆ ਸੰਬੰਧੀ ਮਿਆਰ 4



**ਸੰਸਥਾਵਾਂ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਇਹ ਦੱਸਦੀਆਂ ਹਨ ਕਿ ਉਹ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਕਿਵੇਂ ਸੁਰੱਖਿਅਤ ਰੱਖਦੀਆਂ ਹਨ। ਉਹ ਉਨ੍ਹਾਂ ਨੂੰ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦੀਆਂ ਹਨ।**

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਪਰਿਵਾਰਾਂ ਨੂੰ ਉਨ੍ਹਾਂ ਦੇ ਬੱਚੇ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਣ ਵਿੱਚ ਮੱਦਦ ਕਰਨਾ
- ਪਰਿਵਾਰਾਂ ਅਤੇ ਭਾਈਚਾਰੇ ਨੂੰ ਦੱਸਣਾ ਕਿ ਤੁਹਾਡੀ ਸੰਸਥਾ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਕਿਵੇਂ ਸੁਰੱਖਿਅਤ ਰੱਖਦੀ ਹੈ
- ਇਹ ਯਕੀਨੀ ਬਣਾਉਣਾ ਕਿ ਪਰਿਵਾਰ ਅਤੇ ਭਾਈਚਾਰੇ ਇਸ ਜਾਣਕਾਰੀ ਨੂੰ ਆਸਾਨੀ ਨਾਲ ਲੱਭ ਅਤੇ ਸਮਝ ਸਕਣ
- ਇਹ ਯਕੀਨੀ ਬਣਾਉਣਾ ਕਿ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਤੁਹਾਡੀ ਸੰਸਥਾ ਦੀਆਂ ਨੀਤੀਆਂ ਅਤੇ ਅਭਿਆਸਾਂ ਵਿੱਚ ਆਪਣੀ ਰਾਇ ਦੇਣ ਦਾ ਮੌਕਾ ਮਿਲੇ
- ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ ਅਤੇ ਭਾਈਚਾਰੇ ਨੂੰ ਆਪਣੀ ਸੰਸਥਾ ਬਾਰੇ ਅਤੇ ਇਹ ਕਿਵੇਂ ਕੰਮ ਕਰਦੀ ਹੈ, ਬਾਰੇ ਦੱਸਣਾ।

## ਬਾਲ ਸੁਰੱਖਿਆ ਸੰਬੰਧੀ ਮਿਆਰ 5



**ਸੰਸਥਾਵਾਂ ਇਹ ਸਮਝਦੀਆਂ ਹਨ ਕਿ ਹਰ ਬੱਚਾ ਵੱਖਰਾ ਹੁੰਦਾ ਹੈ। ਉਹ ਹਰ ਬੱਚੇ ਦੀਆਂ ਵਿਅਕਤੀਗਤ ਲੋੜਾਂ ਨੂੰ ਧਿਆਨ ਵਿੱਚ ਰੱਖਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਲੋੜੀਂਦੀ ਦੇਖਭਾਲ ਅਤੇ ਸਹਾਇਤਾ ਮਿਲ ਸਕੇ।**

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਇਹ ਸਮਝਣਾ ਕਿ ਹਰ ਬੱਚਾ ਵੱਖਰਾ ਹੁੰਦਾ ਹੈ ਅਤੇ ਕੁੱਝ ਬੱਚਿਆਂ ਨੂੰ ਬਾਕੀਆਂ ਨਾਲੋਂ ਵਧੇਰੇ ਸਹਾਇਤਾ ਦੀ ਲੋੜ ਹੋ ਸਕਦੀ ਹੈ
- ਉਹਨਾਂ ਬੱਚਿਆਂ ਦੀਆਂ ਜ਼ਰੂਰਤਾਂ 'ਤੇ ਵਿਚਾਰ ਕਰਨਾ ਅਤੇ ਮੱਦਦ ਕਰਨਾ ਜੋ:
  - ਅਪਾਹਜ ਹਨ
  - ਵੱਖ-ਵੱਖ ਸੱਭਿਆਚਾਰਾਂ ਤੋਂ ਹਨ
  - ਵੱਖਰੀ ਭਾਸ਼ਾ ਬੋਲਦੇ ਹਨ
  - ਘਰ ਵਿੱਚ ਨਹੀਂ ਰਹਿ ਸਕਦੇ ਹਨ
  - ਲੈਸਬੀਅਨ, ਗੇਅ, ਬਾਇਸੈਕਸੁਅਲ, ਟ੍ਰਾਂਸਜੈਂਡਰ, ਗੈਰ-ਬਾਈਨਰੀ, ਲਿੰਗ-ਵਿਭਿੰਨ ਜਾਂ ਅੰਤਰਲਿੰਗੀ ਹਨ
- ਇਹ ਯਕੀਨੀ ਬਣਾਉਣਾ ਕਿ ਬੱਚੇ ਆਸਾਨੀ ਨਾਲ ਲੋੜੀਂਦੀ ਜਾਣਕਾਰੀ ਅਤੇ ਮੱਦਦ ਪ੍ਰਾਪਤ ਕਰ ਸਕਣ। ਇਹ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸਮਝਣ ਵਿੱਚ ਆਸਾਨ ਹੋਣੀ ਚਾਹੀਦੀ ਹੈ।
- ਇਹ ਵੀ ਯਕੀਨੀ ਬਣਾਓ ਕਿ ਬੱਚਿਆਂ ਲਈ ਸ਼ਿਕਾਇਤ ਕਰਨਾ ਅਤੇ ਸ਼ਿਕਾਇਤ ਕਰਨ ਦੀ ਪ੍ਰਕਿਰਿਆ ਨੂੰ ਸਮਝਣਾ ਆਸਾਨ ਹੋਵੇ।
- ਆਦਿਵਾਸੀ ਬੱਚਿਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖੋ ਅਤੇ ਇਹ ਯਕੀਨੀ ਬਣਾਓ ਕਿ ਉਹ ਹਮੇਸ਼ਾ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਨ।

# ਬਾਲ ਸੁਰੱਖਿਆ ਸੰਬੰਧੀ ਮਿਆਰ 6



## ਸੰਸਥਾਵਾਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਜੋ ਲੋਕ ਬੱਚਿਆਂ ਨਾਲ ਕੰਮ ਕਰਦੇ ਹਨ ਉਹ ਇਸ ਲਈ ਯੋਗ ਅਤੇ ਢੁੱਕਵੇਂ ਹਨ। ਸਟਾਫ਼ ਨੂੰ ਸਹਾਇਤਾ ਪ੍ਰਾਪਤ ਹੈ ਅਤੇ ਉਹ ਜਾਣਦੇ ਹਨ ਕਿ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਕੀ ਕਰਨਾ ਹੈ।

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਨਵੇਂ ਸਟਾਫ਼ ਅਤੇ ਵਾਲੰਟੀਅਰਾਂ ਨੂੰ ਭਰਤੀ ਕਰਦੇ ਸਮੇਂ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ 'ਤੇ ਧਿਆਨ-ਕੇਂਦਰਿਤ ਕਰਨਾ। ਇਹ ਇਸ਼ਤਿਹਾਰਾਂ, ਰੈਫ਼ਰੀ ਜਾਂਚਾਂ ਅਤੇ ਸਕ੍ਰੀਨਿੰਗ ਦੁਆਰਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕੀਤਾ ਜਾ ਸਕਦਾ ਹੈ।
- ਇਹ ਯਕੀਨੀ ਬਣਾਓ ਕਿ ਸਟਾਫ਼ ਅਤੇ ਵਾਲੰਟੀਅਰਾਂ ਦੇ ਪਿਛੋਕੜ ਦੀ ਸਹੀ ਜਾਂਚ ਕੀਤੀ ਗਈ ਹੋਵੇ।
- ਇਹ ਯਕੀਨੀ ਬਣਾਉਣਾ ਕਿ ਨਵੇਂ ਸਟਾਫ਼ ਨੂੰ ਪਤਾ ਹੋਵੇ ਕਿ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਇਸ ਵਿੱਚ ਸ਼ਾਮਲ ਹਨ:
  - ਚੰਗੇ ਰਿਕਾਰਡ ਰੱਖਣਾ
  - ਇਹ ਜਾਣਨਾ ਕਿ ਜਾਣਕਾਰੀ ਕਦੋਂ ਸਾਂਝੀ ਕਰਨੀ ਹੈ
  - ਇਹ ਜਾਣਨਾ ਕਿ ਰਿਪੋਰਟ ਕਦੋਂ ਅਤੇ ਕਿਵੇਂ ਕਰਨੀ ਹੈ
- ਇਹ ਯਕੀਨੀ ਬਣਾਉਣਾ ਕਿ ਮੈਨੇਜਰ ਸਟਾਫ਼ ਨੂੰ ਬੱਚਿਆਂ ਦੀ ਸੁਰੱਖਿਆ 'ਤੇ ਧਿਆਨ-ਕੇਂਦਰਿਤ ਕਰਨ ਵਿੱਚ ਸਹਾਇਤਾ ਕਰਦੇ ਹਨ।

# ਬਾਲ ਸੁਰੱਖਿਆ ਸੰਬੰਧੀ ਮਿਆਰ 7



## ਸ਼ਿਕਾਇਤਾਂ ਅਤੇ ਚਿੰਤਾਵਾਂ ਸੰਬੰਧੀ ਪ੍ਰਕਿਰਿਆਵਾਂ ਬੱਚਿਆਂ ਉੱਤੇ ਕੇਂਦਰਿਤ ਹੋਣੀਆਂ ਚਾਹੀਦੀਆਂ ਹਨ।

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਉਨ੍ਹਾਂ ਕੋਲ ਇੱਕ ਸ਼ਿਕਾਇਤ ਨੀਤੀ ਹੋਵੇ। ਇਸ ਨੀਤੀ ਵਿੱਚ ਇਹ ਸ਼ਾਮਲ ਹੋਣਾ ਲਾਜ਼ਮੀ ਹੈ:
  - ਪੜ੍ਹਨ ਅਤੇ ਲੱਭਣ ਵਿੱਚ ਆਸਾਨ ਹੋਵੇ
  - ਬੱਚਿਆਂ ਉੱਤੇ ਕੇਂਦਰਿਤ ਹੋਵੇ
  - ਇਹ ਵਿਆਖਿਆ ਕਰੇ ਕਿ:
    - ਮੈਨੇਜਰਾਂ, ਸਟਾਫ਼ ਅਤੇ ਵਾਲੰਟੀਅਰਾਂ ਵੱਲੋਂ ਕੀ ਕੀਤਾ ਜਾਣਾ ਲਾਜ਼ਮੀ ਹੈ
    - ਵੱਖ-ਵੱਖ ਕਿਸਮਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਿਵੇਂ ਕੀਤਾ ਜਾਣਾ ਹੈ
    - ਜੇਕਰ ਨੀਤੀਆਂ ਜਾਂ ਆਚਾਰ ਸੰਹਿਤਾ ਦੀ ਪਾਲਣਾ ਨਹੀਂ ਹੁੰਦੀ ਤਾਂ ਕੀ ਕੀਤਾ ਜਾਣਾ ਚਾਹੀਦਾ ਹੈ
    - ਤੁਹਾਡੀ ਸੰਸਥਾ ਨੂੰ ਅਧਿਕਾਰੀਆਂ, ਜਿਵੇਂ ਕਿ ਪੁਲਿਸ ਨੂੰ ਕਦੋਂ ਰਿਪੋਰਟ ਕਰਨੀ ਚਾਹੀਦੀ ਹੈ
- ਇਹ ਯਕੀਨੀ ਬਣਾਉਣਾ ਕਿ ਬੱਚੇ, ਪਰਿਵਾਰ, ਸਟਾਫ਼ ਅਤੇ ਵਾਲੰਟੀਅਰ ਸਾਰੇ ਸਮਝਦੇ ਹਨ ਕਿ ਤੁਹਾਡੀ ਸੰਸਥਾ ਸ਼ਿਕਾਇਤਾਂ ਦਾ ਨਿਪਟਾਰਾ ਕਿਵੇਂ ਕਰਦੀ ਹੈ।
- ਸ਼ਿਕਾਇਤਾਂ ਨੂੰ ਢੰਗ ਨਾਲ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਢੰਗ ਨਾਲ ਹੱਲ ਕਰੋ
- ਹਰ ਸ਼ਿਕਾਇਤ ਨੂੰ ਗੰਭੀਰਤਾ ਨਾਲ ਲਓ ਅਤੇ ਜਲਦੀ ਜਵਾਬ ਦਿਓ
- ਇਸ ਸੰਬੰਧ ਵਿੱਚ ਤੁਹਾਡੀ ਸੰਸਥਾ ਕੋਲ ਨੀਤੀਆਂ ਅਤੇ ਪ੍ਰਕਿਰਿਆਵਾਂ ਹਨ, ਜਿਵੇਂ ਕਿ:
  - ਆਪਣੀ ਸੰਸਥਾ ਨੂੰ ਸ਼ਿਕਾਇਤਾਂ ਕਿਵੇਂ ਰਿਪੋਰਟ ਕਰਨੀਆਂ ਹਨ
  - ਕਿਸ ਨੂੰ ਰਿਪੋਰਟ ਕਰਨੀ ਹੈ
  - ਰਿਪੋਰਟ ਕਦੋਂ ਕਰਨੀ ਹੈ
  - ਪੁਲਿਸ ਅਤੇ ਹੋਰ ਅਧਿਕਾਰੀਆਂ ਨੂੰ ਸ਼ਿਕਾਇਤਾਂ ਕਿਵੇਂ ਰਿਪੋਰਟ ਕਰਨੀਆਂ ਹਨ, ਅਤੇ ਉਨ੍ਹਾਂ ਨਾਲ ਕਿਵੇਂ ਸਹਿਯੋਗ ਕਰਨਾ ਹੈ
- ਰਿਪੋਰਟਿੰਗ, ਗੁਪਤਤਾ ਅਤੇ ਰੁਜ਼ਗਾਰ ਸੰਬੰਧੀ ਸਾਰੇ ਕਾਨੂੰਨਾਂ ਦੀ ਪਾਲਣਾ ਕਰਨਾ।

# ਬਾਲ ਸੁਰੱਖਿਆ ਸੰਬੰਧੀ ਮਿਆਰ 8



**ਸੰਸਥਾਵਾਂ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਆਪਣੇ ਸਟਾਫ਼ ਨੂੰ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਦੀਆਂ ਹਨ।**

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਸੰਸਥਾ ਦੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਦੀ ਪਾਲਣਾ ਕਰਨਾ
- ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਲੱਛਣਾਂ ਨੂੰ ਜਾਣਨਾ। ਇਸ ਵਿੱਚ ਉਹ ਸ਼ੋਸ਼ਣ ਅਤੇ ਨੁਕਸਾਨ ਵੀ ਸ਼ਾਮਲ ਹਨ ਜੋ ਹੋਰ ਬੱਚਿਆਂ ਦੁਆਰਾ ਕੀਤਾ ਗਿਆ ਹੋਵੇ।
- ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨਾਲ ਜੁੜੇ ਮਾਮਲਿਆਂ ਦਾ ਜਵਾਬ ਦੇਣਾ
- ਜਦੋਂ ਹੋਰ ਸਟਾਫ਼ ਬੱਚਿਆਂ ਦੀ ਸੁਰੱਖਿਆ ਨਾਲ ਸੰਬੰਧਿਤ ਕਿਸੇ ਮੁੱਦੇ ਨਾਲ ਨਜਿੱਠ ਰਹੇ ਹੋਣ ਤਾਂ ਉਨ੍ਹਾਂ ਦੀ ਮੱਦਦ ਕਰਨਾ
- ਇਹ ਸਮਝਣਾ ਕਿ ਬੱਚਿਆਂ ਨੂੰ ਸੱਭਿਆਚਾਰਕ ਤੌਰ 'ਤੇ ਹੋਰ ਵਧੇਰੇ ਸੁਰੱਖਿਅਤ ਕਿਵੇਂ ਮਹਿਸੂਸ ਕਰਵਾਇਆ ਜਾ ਸਕਦਾ ਹੈ।

# ਬਾਲ ਸੁਰੱਖਿਆ ਸੰਬੰਧੀ ਮਿਆਰ 9



**ਸੰਸਥਾਵਾਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਬੱਚੇ ਆਪਣੀਆਂ ਸੇਵਾਵਾਂ, ਥਾਵਾਂ ਅਤੇ ਗਤੀਵਿਧੀਆਂ ਦੀ ਵਰਤੋਂ ਕਰਦੇ ਸਮੇਂ ਸੁਰੱਖਿਅਤ ਹੋਣ। ਇਸ ਵਿੱਚ ਉਹ ਸਮਾਂ ਵੀ ਸ਼ਾਮਲ ਹੈ ਜਦੋਂ ਬੱਚੇ ਔਨਲਾਈਨ ਹੁੰਦੇ ਹਨ।**

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਇਹ ਯਕੀਨੀ ਬਣਾਉਣਾ ਕਿ ਸਟਾਫ਼ ਅਤੇ ਵਾਲੰਟੀਅਰ ਜ਼ੋਖਮਾਂ ਦੀ ਪਛਾਣ ਕਰ ਸਕਣ ਅਤੇ ਉਨ੍ਹਾਂ ਨੂੰ ਰੋਕ ਸਕਣ। ਅਜਿਹਾ ਕਰਦੇ ਸਮੇਂ ਉਹਨਾਂ ਨੂੰ ਅਜੇ ਵੀ ਬੱਚੇ ਦੇ ਅਧਿਕਾਰਾਂ ਦੀ ਰੱਖਿਆ ਕਰਨੀ ਚਾਹੀਦੀ ਹੈ, ਜਿਵੇਂ ਕਿ:
  - ਨਿੱਜਤਾ ਬਾਰੇ
  - ਜਾਣਕਾਰੀ ਬਾਰੇ
  - ਦੋਸਤ ਬਣਾਉਣ ਅਤੇ ਇਕੱਲਾਪਨ ਮਹਿਸੂਸ ਨਾ ਕਰਨ ਬਾਰੇ
  - ਸਿੱਖਿਆ ਬਾਰੇ
- ਇਹ ਯਕੀਨੀ ਬਣਾਉਣਾ ਕਿ ਸਟਾਫ਼ ਅਤੇ ਵਾਲੰਟੀਅਰ ਔਨਲਾਈਨ ਸੁਰੱਖਿਆ ਨੂੰ ਸਮਝਦੇ ਹਨ। ਜਦੋਂ ਉਹ ਔਨਲਾਈਨ ਹੁੰਦੇ ਹਨ, ਤਾਂ ਉਹਨਾਂ ਨੂੰ ਤੁਹਾਡੀ ਸੰਸਥਾ ਦੀ
  - ਆਚਾਰ-ਸੰਹਿਤਾ (Code of Conduct) ਦੀ ਪਾਲਣਾ ਕਰਨੀ ਲਾਜ਼ਮੀ ਹੈ
  - ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਦੀ ਪਾਲਣਾ ਕਰਨੀ ਲਾਜ਼ਮੀ ਹੈ
- **ਜ਼ੋਖਮ ਪ੍ਰਬੰਧਨ ਯੋਜਨਾਵਾਂ** ਨੂੰ ਲਿਖਤੀ ਰੂਪ ਵਿੱਚ ਤਿਆਰ ਕਰੋ। ਇਹ ਯੋਜਨਾਵਾਂ ਇਸ ਗੱਲ ਬਾਰੇ ਹੁੰਦੀਆਂ ਹਨ ਕਿ ਤੁਸੀਂ ਆਪਣੀਆਂ ਸਹੂਲਤ-ਸਥਾਨਾਂ, ਗਤੀਵਿਧੀਆਂ ਅਤੇ ਮਾਹੌਲ ਤੋਂ ਪੈਦਾ ਹੋਣ ਵਾਲੇ ਜ਼ੋਖਮਾਂ ਨਾਲ ਕਿਵੇਂ ਨਜਿੱਠੋਗੇ।
- ਜਦੋਂ ਤੁਹਾਡੀ ਸੰਸਥਾ ਕਿਸੇ ਹੋਰ ਸੰਸਥਾ ਦੀਆਂ ਸਹੂਲਤਾਂ ਜਾਂ ਸੇਵਾਵਾਂ ਦੀ ਵਰਤੋਂ ਕਰਦੀ ਹੈ, ਤਾਂ ਇਹ ਯਕੀਨੀ ਬਣਾਓ ਕਿ ਬੱਚਿਆਂ ਦੀ ਸੁਰੱਖਿਆ ਦੀ ਪੂਰੀ ਰੱਖਿਆ ਹੋਵੇ।

# ਬਾਲ ਸੁਰੱਖਿਆ ਸੰਬੰਧੀ ਮਿਆਰ 10



## ਸੰਸਥਾਵਾਂ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਦੇ ਤਰੀਕਿਆਂ ਦੀ ਜਾਂਚ ਕਰਦੀਆਂ ਹਨ ਅਤੇ ਉਹਨਾਂ ਵਿੱਚ ਸੁਧਾਰ ਕਰਦੀਆਂ ਹਨ।

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਤੁਸੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਜੋ ਕਰ ਰਹੇ ਹੋ, ਉਸ ਦੀ ਲਗਾਤਾਰ ਜਾਂਚ ਕਰੋ ਅਤੇ ਉਸ ਵਿੱਚ ਸੁਧਾਰ ਲਿਆਓ।
- ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਸੰਬੰਧੀ ਘਟਨਾਵਾਂ ਦੀ ਜਾਂਚ ਕਰੋ ਤਾਂ ਜੋ ਪਤਾ ਲੱਗੇ ਕਿ ਇਹ ਕਿਵੇਂ ਵਾਪਰੀਆਂ। ਇਹ ਤੁਹਾਨੂੰ ਤੁਹਾਡੇ ਕੰਮਕਾਜ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰੇਗਾ।
- ਜੋ ਕੁੱਝ ਤੁਸੀਂ ਜਾਣਿਆ ਹੈ, ਉਸ ਬਾਰੇ ਸਟਾਫ਼, ਵਾਲੰਟੀਅਰਾਂ, ਭਾਈਚਾਰੇ, ਪਰਿਵਾਰਾਂ ਅਤੇ ਬੱਚਿਆਂ ਨੂੰ ਦੱਸੋ।

# ਬਾਲ ਸੁਰੱਖਿਆ ਸੰਬੰਧੀ ਮਿਆਰ 11




## ਸੰਸਥਾਵਾਂ ਕੋਲ ਲਿਖਤੀ ਦਸਤਾਵੇਜ਼ ਹੋਣੇ ਚਾਹੀਦੇ ਹਨ ਜੋ ਇਹ ਦਰਸਾਉਂਦੇ ਹਨ ਕਿ ਉਹ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਕਿਵੇਂ ਸੁਰੱਖਿਅਤ ਰੱਖਦੀਆਂ ਹਨ।

ਤੁਹਾਡੀ ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਉਨ੍ਹਾਂ ਕੋਲ ਅਜਿਹੀਆਂ ਲਿਖਤੀ ਨੀਤੀਆਂ ਅਤੇ ਪ੍ਰਕਿਰਿਆਵਾਂ ਹੋਣ, ਜੋ:
  - ਸਾਰੇ ਬਾਲ ਸੁਰੱਖਿਆ ਸੰਬੰਧੀ ਮਿਆਰਾਂ ਨੂੰ ਕਵਰ ਕਰਦੀਆਂ ਹੋਣ
  - ਲੱਭਣ ਅਤੇ ਸਮਝਣ ਵਿੱਚ ਆਸਾਨ ਹੋਣ
- **ਹਿੱਤਧਾਰਕਾਂ** ਨਾਲ ਮਿਲ ਕੇ ਆਪਣੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਿਕਸਤ ਕਰੋ। ਇਹ ਉਹ ਲੋਕ ਹਨ ਜਿਨ੍ਹਾਂ ਦੀ ਤੁਹਾਡੀ ਸੰਸਥਾ ਵਿੱਚ ਦਿਲਚਸਪੀ ਹੈ। ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:
  - ਸਟਾਫ਼ ਅਤੇ ਵਾਲੰਟੀਅਰ
  - ਬੱਚੇ ਅਤੇ ਪਰਿਵਾਰਕ ਮੈਂਬਰ
  - ਹੋਰ ਸੰਸਥਾਵਾਂ ਜਿਨ੍ਹਾਂ ਨਾਲ ਤੁਸੀਂ ਕੰਮ ਕਰਦੇ ਹੋ
  - ਭਾਈਚਾਰਕ ਸਮੂਹ ਜਾਂ ਮੈਂਬਰ
- ਹੋਰ ਸੰਸਥਾਵਾਂ ਦੀਆਂ ਚੰਗੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਵੇਖੋ ਅਤੇ ਸਿੱਖੋ
- ਇਹ ਯਕੀਨੀ ਬਣਾਉਣਾ ਕਿ ਤੁਹਾਡੇ ਆਗੂ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਸਮਰਥਨ ਕਰਦੇ ਹਨ।
- ਇਹ ਯਕੀਨੀ ਬਣਾਉਣਾ ਕਿ ਸਟਾਫ਼ ਅਤੇ ਵਾਲੰਟੀਅਰ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਮਝਦੇ ਹਨ ਅਤੇ ਉਹਨਾਂ ਦੀ ਪਾਲਣਾ ਕਰਦੇ ਹਨ।

## ਮੱਦਦ ਕਿੱਥੋਂ ਲੈਣੀ ਹੈ

ਬਾਲ ਸੁਰੱਖਿਆ ਸੰਬੰਧੀ ਮਿਆਰ ਰੈਗੂਲੇਟਰ ਤੁਹਾਨੂੰ ਮਿਆਰਾਂ ਨੂੰ ਪੂਰਾ ਕਰਨ ਵਿੱਚ ਮੱਦਦ ਕਰਨ ਲਈ ਜਾਣਕਾਰੀ ਦੇ ਸਕਦੇ ਹਨ।

ਤੁਸੀਂ ਬਾਲ ਸੁਰੱਖਿਆ ਮਿਆਰਾਂ ਦੇ ਰੈਗੂਲੇਟਰਾਂ ਬਾਰੇ ਇੱਥੇ ਜਾਣ ਸਕਦੇ ਹੋ।

ਤੁਸੀਂ ਕਮਿਸ਼ਨ ਨਾਲ ਇਸ ਤਰ੍ਹਾਂ ਸੰਪਰਕ ਕਰ ਸਕਦੇ ਹੋ:


ਟੈਲੀਫ਼ੋਨ: 1300 782 978

ਈ-ਮੇਲ: contact@ccyp.vic.gov.au

ਵੈੱਬਸਾਈਟ: www.ccyp.vic.gov.au


Interpreter

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ 13 14 50 'ਤੇ ਫ਼ੋਨ ਕਰੋ। ਉਹਨਾਂ ਨੂੰ 1300 782 978 'ਤੇ ਬੱਚਿਆਂ ਅਤੇ ਯੁਵਾਵਾਂ ਦੇ ਕਮਿਸ਼ਨ (Commission for Children and Young People) ਨੂੰ ਫ਼ੋਨ ਕਰਨ ਲਈ ਕਹੋ।

ਕਮਿਸ਼ਨ ਪੂਰੇ ਵਿਕਟੋਰੀਆ ਵਿੱਚ ਜ਼ਮੀਨਾਂ ਦੇ ਪਰੰਪਰਾਗਤ ਮਾਲਕਾਂ ਨੂੰ ਸਤਿਕਾਰ ਨਾਲ ਸਵੀਕਾਰ ਕਰਦਾ ਹੈ ਅਤੇ ਉਹਨਾਂ ਦਾ ਜਸ਼ਨ ਮਨਾਉਂਦਾ ਹੈ ਅਤੇ ਉਹਨਾਂ ਦੇ ਬਜ਼ੁਰਗਾਂ, ਬੱਚਿਆਂ ਅਤੇ ਪਿਛਲੀਆਂ, ਵਰਤਮਾਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਯੁਵਾਵਾਂ ਨੂੰ ਸਤਿਕਾਰ ਦਿੰਦਾ ਹੈ।


© ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ 2023

ਇਹ ਕੰਮ ਕਾਪੀਰਾਈਟ ਹੈ। *Copyright Act 1968* ਦੇ ਅਧੀਨ ਮੰਨਜ਼ੂਰ ਕੀਤੇ ਕਿਸੇ ਵੀ ਉਦੇਸ਼ ਤੋਂ ਇਲਾਵਾ, ਕਿਸੇ ਵੀ ਹਿੱਸੇ ਨੂੰ ਕਿਸੇ ਵੀ ਤਰੀਕੇ ਨਾਲ Commission for Children and Young People, Level 18, 570 Bourke Street, Melbourne 3000 ਤੋਂ ਪਹਿਲਾਂ ਲਿਖਤੀ ਇਜਾਜ਼ਤ ਲਏ ਬਗ਼ੈਰ ਦੁਬਾਰਾ ਪ੍ਰਕਾਸ਼ਿਤ ਨਹੀਂ ਕੀਤਾ ਜਾ ਸਕਦਾ ਹੈ।



ਕਮਿਸ਼ਨ ਮਈ 2022 ਵਿੱਚ ਇਸ ਸਰੋਤ (www.enliven.org.au /healthliteracy@enliven.org.au) ਦੇ ਸਧਾਰਨ ਭਾਸ਼ਾ ਸਰੂਪ ਨੂੰ ਤਿਆਰ ਕਰਨ ਵਿੱਚ enliven's Health Literary Services (ਐਨਲਾਈਵਨ ਦੀਆਂ ਹੈਲਥ ਲਿਟਰੇਰੀ ਸਰਵਿਸਿਜ਼) ਦੇ ਯੋਗਦਾਨ ਨੂੰ ਸਵੀਕਾਰ ਕਰਨਾ ਚਾਹੁੰਦਾ ਹੈ।



ਤਸਵੀਰਾਂ enliven Victoria ਵੱਲੋਂ ਤਿਆਰ ਅਤੇ ਢਾਲੀਆ ਗਈਆਂ ਹਨ, ਜਿਸ ਵਿੱਚ Tਟੋਬੀ ਡਾਇਨਾਵੋਕਸ ਦੁਆਰਾ ਦ ਪਿਕਚਰ ਕਮਿਊਨੀਕੇਸ਼ਨ ਸਿੰਬਲਜ਼ ©1981-2022 ਦੀ ਵਰਤੋਂ ਵੀ ਸ਼ਾਮਲ ਹੈ। ਸਾਰੇ ਹੱਕ ਦੁਨੀਆ ਭਰ ਵਿੱਚ ਰਾਖਵੇਂ ਹਨ। ਆਗਿਆ ਸਹਿਤ ਵਰਤਿਆ ਗਿਆ ਹੈ। Boardmaker® Tobii Dynavox ਦਾ ਟਰੇਡਮਾਰਕ ਹੈ। ਇਸ ਦਸਤਾਵੇਜ਼ ਨੂੰ ਤੀਸਰੇ ਪੱਖਾਂ ਨੂੰ ਵੇਚਿਆ ਨਹੀਂ ਜਾ ਸਕਦਾ ਹੈ। ਤਸਵੀਰਾਂ ਨੂੰ ਬਗ਼ੈਰ ਆਗਿਆ ਤੋਂ ਦੁਬਾਰਾ ਨਹੀਂ ਵਰਤਿਆ ਜਾ ਸਕਦਾ ਹੈ।


COMMISSION FOR CHILDREN AND YOUNG PEOPLE